BC Centre for Disease Control
Provincial Health Services Authority

STI/HIV Services
Clinical Prevention Services
655 West 12th Avenue
Vancouver, BC V5Z 4R4

604.707.5600
604.707.5604
bccdc.ca
SmartSexResource.com

# ਸੀਫ਼ਿਕਸੀਮ (CEFIXIME)

ਸੀਫ਼ਿਕਸੀਮ ਮੂੰਹ ਰਾਹੀਂ ਲਿਆ ਜਾਣ ਵਾਲਾ ਇੱਕ ਐਂਟੀਬਾਇਓਟਿਕ ਹੈ ਜੋ ਜਿਨਸੀ ਸੰਬੰਧਾਂ ਕਾਰਣ ਫੈਲਣ ਵਾਲੀਆਂ ਕੁਝ ਇਨਫ਼ੈਕਸ਼ਨਾਂ (ਐੱਸ.ਟੀ.ਆਈ.'ਜ਼) ਦੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਹੈ।

## ਐਲਰਜੀਆਂ (Allergies)

- ਜੇ ਤੁਹਾਨੂੰ ਸੇਫੁਰੋਕਸਾਈਮ, ਸੇਫੋਟੈਕਸੀਮ, ਸੇਫ਼ਲਟਾਜ਼ੀਡਮ, ਸੇਫ਼ਲਟ੍ਰਿਆਕਸੋਨ, ਅਤੇ ਸੇਫੇਪਾਈਮ ਤੋਂ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Breast/Chest Feeding)

- ਹੋ ਸਕਦਾ ਹੈ ਕਿ ਗਰਭਕਾਲ ਅਤੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੇ ਸਮੇਂ ਦੌਰਾਨ ਸੀਫ਼ਿਕਸੀਮ ਨੂੰ ਸਾਵਧਾਨੀ ਨਾਲ ਇਸਤੇਮਾਲ ਕੀਤਾ ਜਾ ਸਕੇ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

## ਸਾਵਧਾਨੀ (CAUTION)

- ਜੇ ਤੁਹਾਨੂੰ ਸੀਫ਼ਿਕਸੀਮ ਦੀ ਖ਼ੁਰਾਕ ਦਿੱਤੀ ਜਾ ਰਹੀ ਹੈ ਤਾਂ ਹੇਠ ਲਿਖੀਆਂ ਵੈਕਸੀਨਾਂ ਨਾ ਲਗਵਾਓ:
  - ਬੀ.ਸੀ.ਜੀ. ਵੈਕਸੀਨ – ਇੰਟ੍ਰਾਵਿਸਕਲ – ਡਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸਲਾਹ-ਮਸ਼ਵਰਾ ਕਰੋ
  - ਐਂਟੀਬਾਇਓਟਿਕ ਥੈਰੇਪੀ ਤੋਂ ਬਾਅਦ 14 ਦਿਨਾਂ ਦੇ ਅੰਦਰ-ਅੰਦਰ ਕੌਲਰਾ (ਹੈਜੇ) ਦੀ ਵੈਕਸੀਨ (ਵੈਕਸਚੋਰਾ®)
  - ਐਂਟੀਬਾਇਓਟਿਕ ਥੈਰੇਪੀ ਤੋਂ ਬਾਅਦ 3 ਦਿਨਾਂ ਦੇ ਅੰਦਰ-ਅੰਦਰ ਟਾਇਫੌਇਡ ਦੀ ਮੂੰਹ ਰਾਹੀਂ ਲਈ ਜਾਣ ਵਾਲੀ ਵੈਕਸੀਨ
- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ। ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

## ਮਾੜੇ ਪ੍ਰਭਾਵ (Side Effects)

- ਤੁਹਾਡਾ ਸਿਰ ਦਰਦ ਹੋ ਸਕਦਾ ਹੈ, ਤੁਹਾਨੂੰ ਦਸਤ ਲੱਗ ਸਕਦੇ ਹਨ, ਜੀਅ ਕੱਚਾ ਹੋ ਸਕਦਾ ਹੈ, ਢਿੱਡ ਵਿੱਚ ਦਰਦ ਹੋ ਸਕਦਾ ਹੈ ਅਤੇ/ਜਾਂ ਗੈਸ ਹੋ ਸਕਦੀ ਹੈ।
- ਜੇ ਤੁਹਾਡੇ ਵਿੱਚ ਐਲਰਜਿਕ ਰੀਐਕਸ਼ਨ ਦੇ ਹੇਠ ਲਿਖੇ ਲੱਛਣ ਹੋਣ ਤਾਂ ਤੁਰੰਤ ਮੈਡੀਕਲ ਸਹਾਇਤਾ ਹਾਸਲ ਕਰੋ: ਛਪਾਕੀਆਂ, ਸਾਹ ਲੈਣ ਵਿੱਚ ਤਕਲੀਫ਼, ਚਿਹਰਾ, ਬੁੱਲ੍ਹ, ਜੀਭ ਅਤੇ ਗਲ਼ਾ ਸੁੱਜਣਾ।



*Last review by BCCDC Pharmacy: May 2025*

## ਦਵਾਈਆਂ ਲੈਣ ਸੰਬੰਧੀ ਹਿਦਾਇਤਾਂ (Instructions for Taking)

- ਸੀਫ਼ਿਕਸੀਮ ਲਈ ਆਮ ਤੌਰ ’ਤੇ ਸਿਰਫ਼ ਇੱਕੋ ਵਾਰੀ, ਇੱਕੋ ਖ਼ੁਰਾਕ ਲੈਣ ਦੀ ਹੀ ਤਜਵੀਜ਼ ਕੀਤੀ ਜਾਂਦੀ ਹੈ। ਆਪਣੇ ਸਿਹਤ ਸੰਭਾਲ ਪ੍ਰਦਾਤਾ ਦੀਆਂ ਖ਼ੁਰਾਕ ਸੰਬੰਧੀ ਹਿਦਾਇਤਾਂ ਦੀ ਪਾਲਣਾ ਕਰੋ।
- ਪੇਟ ਖ਼ਰਾਬ ਹੋਣ ਦੇ ਆਸਾਰ ਘਟਾਉਣ ਲਈ ਦਵਾਈ ਨੂੰ ਭੋਜਨ ਦੇ ਨਾਲ ਲਓ।

## ਸਾਂਭ–ਸੰਭਾਲ ਸੰਬੰਧੀ ਹਿਦਾਇਤਾਂ (Storage Instructions)

- 15 ਅਤੇ 30°C ਵਿਚਕਾਰ ਕਮਰੇ ਦੇ ਤਾਪਮਾਨ ’ਤੇ ਰੱਖੋ।
- ਰੋਸ਼ਨੀ, ਤਪਸ਼ ਅਤੇ ਨਮੀ ਤੋਂ ਦੂਰ ਰੱਖੋ।
- ਦਵਾਈਆਂ ਨੂੰ ਉਨ੍ਹਾਂ ਦੀ ਮਿਆਦ ਪੁੱਗ ਜਾਣ ਦੀ ਤਾਰੀਖ਼ ਤੋਂ ਬਾਅਦ ਇਸਤੇਮਾਲ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

## ਵਿਸ਼ੇਸ਼ ਹਿਦਾਇਤਾਂ (Special Instructions)

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤਕ:
    - ਤੁਹਾਡੇ 1-ਦਿਨਾ ਟ੍ਰੀਟਮੈਂਟ ਹੋਏ ਨੂੰ ਇੱਕ ਹਫ਼ਤਾ ਨਹੀਂ ਬੀਤ ਜਾਂਦਾ; **ਅਤੇ**
    - ਤੁਹਾਡੇ ਕਾਮੁਕ ਸਾਥੀ(ਆਂ) ਦਾ ਇਲਾਜ ਵੀ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦਾ ਟ੍ਰੀਟਮੈਂਟ ਸ਼ੁਰੂ ਹੋਇਆਂ ਇੱਕ ਹਫ਼ਤਾ ਹੋ ਚੁੱਕਾ ਹੈ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨਾਂਹ-ਪੱਖੀ (ਨੈਗੇਟਿਵ) ਹੀ ਹੋਣ।
- ਜੇ ਤੁਸੀਂ ਅਜਿਹੇ ਸਾਥੀ ਨਾਲ ਸੰਭੋਗ ਕਰ ਰਹੇ ਹੋ ਜਿਸ ਦਾ ਇਲਾਜ ਨਹੀਂ ਕੀਤਾ ਗਿਆ ਜਾਂ ਤੁਸੀਂ ਆਪਣਾ ਜਾਂ ਆਪਣੇ ਸਾਥੀ ਦਾ ਟ੍ਰੀਟਮੈਂਟ ਮੁਕੰਮਲ ਹੋਣ ਤੋਂ ਪਹਿਲਾਂ ਸੰਭੋਗ ਕਰਦੇ ਹੋ ਤਾਂ ਤੁਹਾਨੂੰ ਦੁਬਾਰਾ ਟ੍ਰੀਟਮੈਂਟ ਕਰਵਾਉਣ ਦੀ ਲੋੜ ਪਵੇਗੀ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com ’ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।